Weekly

# CANADA SIKH TIMES

3 - 9 August 2024

ਕੈਨੇਡਾ ਸਿੱਖ ਟਾਈਮਜ਼

Volume 2 Issue 31

• RELIGION • CULTURE • HERITAGE • BUSINESS

## ਸਰਬਜੋਤ ਸਿੰਘ ਅਤੇ ਮਨੂ ਨੇ ਏਅਰ ਪਿਸਟਲ ਮੁਕਾਬਲੇ ਵਿਚ ਜਿੱਤਿਆ ਕਾਂਸੀ ਦਾ ਤ਼ਗਮਾ



ਸਰਬਜੋਤ ਸਿੰਘ ਅਤੇ ਮਨੂ ਭਾਕਰ ਪੈਰਿਸ 2024 ਓਲੰਪਿਕ ਵਿੱਚ 10 ਮੀਟਰ ਏਅਰ ਪਿਸਟਲ ਮਿਕਸਡ ਟੀਮ ਈਵੈਂਟ ਵਿੱਚ ਕੁਆਲੀਫਿਕੇਸ਼ਨ ਰਾਊਂਡ ਵਿਚ ਖੇਡਦੇ ਹੋਏ ਕਾਂਸੀ ਦਾ ਮੈਡਲ ਜਿੱਤ ਲਿਆ ਹੈ। ਸਰਬਜੋਤ ਸਿੰਘ ਤੇ ਮਨੂ ਨੇ ਭਾਰਤ ਨੂੰ ਸ਼ਾਨਦਾਰ ਸ਼ੁਰੂਆਤ ਦਿੱਤੀ। ਭਾਰਤ ਨੇ 10 ਮੀਟਰ ਏਅਰ ਪਿਸਟਲ ਮਿਕਸਡ ਟੀਮ ਕਾਂਸੀ ਤਮਗਾ ਮੁਕਾਬਲੇ ਵਿੱਚ 7 ਰਾਊਂਡ ਦੇ ਬਾਅਦ 10-7 ਦੀ ਬੜ੍ਹਤ ਬਣਾ ਲਈ। ਭਾਰਤ ਨੂੰ ਦੱਖਣੀ ਕੋਰੀਆ ਦੀ ਟੀਮ ਨੂੰ ਹਰਾ ਕੇ ਸਰਬਜੋਤ ਤੇ ਮਨੂ ਨੇ ਦੂਜਾ ਤਮਗਾ ਜਿੱਤ ਲਿਆ ਹੈ। ਜ਼ਿਕਰਯੋਗ ਹੈ ਕਿ ਹਰਿਆਣਾ ਸਰਕਾਰ ਨੇ ਸਰਬਜੋਤ ਸਿੰਘ ਨੂੰ 2.5 ਕਰੋੜ ਰੁਪਏ ਦੇਣ ਦਾ ਐਲਾਨ ਕੀਤਾ ਹੈ। ਇਸ ਤੋਂ ਇਲਾਵਾ ਉਸ ਨੂੰ ਸਰਕਾਰੀ ਨੌਕਰੀ ਵੀ ਦਿੱਤੀ ਜਾਵੇਗੀ। ਅੰਬਾਲਾ ਸਥਿਤ ਸਰਬਜੋਤ ਦੇ ਘਰ ਪੁੱਜੇ ਹਰਿਆਣਾ ਦੇ ਖੇਡ ਰਾਜ ਮੰਤਰੀ ਸੰਜੈ ਸਿੰਘ ਨੇ ਇਹ ਜਾਣਕਾਰੀ ਦਿੱਤੀ। ਸਮੁੱਚੇ ਭਾਰਤ ਨੂੰ ਸਰਬਜੋਤ ਸਿੰਘ ਅਤੇ ਮਨੂ ਭਾਕਰ ਦੀ ਜਿੱਤ ’ਤੇ ਮਾਣ ਮਹਿਸੂਸ ਹੋ ਰਿਹਾ ਹੈ।

## Cambridge Student receives $100k Scholarship to University of Waterloo



A Cambridge student is getting a chance to live her dream of attending one of the most prestigious universities in the country with the help of a $100K scholarship from Rogers Communications. Nikki Rana just graduated from Preston High School and is about to start her post-secondary journey at the University of Waterloo in its engineering program. Being a first-generation immigrant, Rana's parents came from Pakistan to live in Canada and provide their children with opportunities they wouldn't have had otherwise. Ever since she was young, Rana knew she wanted to get involved with STEM programming. Her parents would sign her up and take her to youth programs, camps and anything they could to keep this fire alive.

## ਭਾਰਤ ਦੀ ਪੰਜ ਦਹਾਕਿਆਂ ਮਗਰੋਂ ਆਸਟਰੇਲੀਆ ਖ਼ਿਲਾਫ਼ ਪਹਿਲੀ ਜਿੱਤ




ਭਾਰਤ ਨੇ ਪੈਰਿਸ ਓਲੰਪਿਕ ਵਿਚ ਪੁਰਸ਼ਾਂ ਦੇ ਪੂਲ ਬੀ ਦੇ ਹਾਕੀ ਮੁਕਾਬਲੇ ਵਿਚ ਆਸਟਰੇਲੀਆ ਨੂੰ 3-2 ਨਾਲ ਹਰਾ ਦਿੱਤਾ ਹੈ। ਭਾਰਤ ਦੀ ਓਲੰਪਿਕ ’ਚ ਆਸਟਰੇਲੀਆ ਖ਼ਿਲਾਫ਼ 52 ਸਾਲਾਂ ਬਾਅਦ ਇਹ ਪਹਿਲੀ ਜਿੱਤ ਹੈ। ਇਸ ਤੋਂ ਪਹਿਲਾਂ ਭਾਰਤ ਨੇ ਕੰਗਾਰੂ ਟੀਮ ਨੂੰ 1972 ਦੀਆਂ ਮਿਊਨਿਖ ਓਲੰਪਿਕ ਖੇਡਾਂ ’ਚ ਹਰਾਇਆ ਸੀ। ਭਾਰਤ ਲਈ ਅਭਿਸ਼ੇਕ ਨੇ 12ਵੇਂ ਤੇ ਕਪਤਾਨ ਹਰਮਨਪ੍ਰੀਤ ਸਿੰਘ ਨੇ 13ਵੇਂ ਤੇ 32ਵੇਂ ਮਿੰਟ ਵਿਚ ਦੋ ਗੋਲ ਕੀਤੇ। ਆਸਟਰੇਲੀਆ ਲਈ ਕਰੈਗ ਨੇ 25ਵੇਂ ਤੇ ਗੋਵਰਜ਼ ਨੇ 55ਵੇਂ ਮਿੰਟ ਵਿਚ ਗੋਲ ਕੀਤੇ। ਅੱਜ ਦੀ ਜਿੱਤ ਨਾਲ ਭਾਰਤ ਦੇ ਪੰਜ ਮੈਚਾਂ ਵਿਚ ਤਿੰਨ ਜਿੱਤਾਂ, ਇਕ ਡਰਾਅ ਤੇ ਇਕ ਹਾਰ ਨਾਲ 10 ਪੁਆਇੰਟ ਹੋ ਗਏ ਹਨ। ਪੁਆਇੰਟਸ ਟੇਬਲ ਵਿਚ ਭਾਰਤ ਦੀ ਪੁਜ਼ੀਸ਼ਨ ਦਾ ਫੈਸਲਾ ਬੈਲਜੀਅਮ ਬਨਾਮ ਅਰਜਨਟੀਨਾ ਦੇ ਮੈਚ ਨਾਲ ਹੋਵੇਗਾ। ਉਂਜ ਭਾਰਤੀ ਹਾਕੀ ਟੀਮ ਕੁਆਰਟਰ ਫਾਈਨਲਜ਼ ਲਈ ਪਹਿਲਾਂ ਹੀ ਕੁਆਲੀਫਾਈ ਕਰ ਚੁੱਕੀ ਹੈ।

# DESH VIDESH



## ਕਰੋ ਜਤਨ ਜੇ ਹੋਇ ਮਿਹਰਵਾਨਾ

– ਮਹਿੰਦਰ ਸਿੰਘ

### ਪਿਛਲੇ ਪਰਚੇ ਦਾ ਬਾਕੀ

ਜਿਵੇਂ ਝਿਮ- ਝਿਮ ਵਰਖਾ ਹੁੰਦੀ ਹੈ ਤੇ ਉਹ ਹੌਲੀ - ਹੌਲੀ ਧਰਤੀ ਵਿੱਚ ਸਿੰਝਦੀ ਜਾਂਦੀ ਹੈ, ਉਸੀ ਤਰਹਾਂ ਨਾਮ ਅੰਮ੍ਰਿਤ ਦੀ ਧਾਰ, ਮਨੁੱਖ ਮਨ, ਗੁਰੂ ਦਾ ਸ਼ਬਦ ਸੁਣ ਕੇ, ਵਿਚਾਰ ਸੁਣ ਕੇ, ਅੰਮ੍ਰਿਤ ਧਾਰ ਨੂੰ ਪੀਂਦਾ ਜਾਂਦਾ ਹੈ। ਸਾਡਾ ਫਰਜ ਤੇ ਅਥਵਾ ਜਤਨ ਤਾਂ ਗੁਰਬਾਣੀ ਦੇ ਉਪਦੇਸ਼ਾਂ ਨੂੰ ਸਮਝਣਾ ਬੁਝਣਾ ਅਤੇ ਕਮਾਉਣਾ ਹੀ ਹੈ । ਕੋਈ ਵਿਰਲਾ ਹੀ ਪਰਮਾਰਥ ਵੱਲ ਰੁਚੀ ਰੱਖਦਾ ਹੈ ਤੇ ਧਰਮ ਲਈ ਕੋਈ ਯਤਨ ਜਾਂ ਉਦਮ ਕਰਦਾ ਹੈ, ਉਹੀ ਜੀਉ ਮਿਹਰਾਂ ਦਾ ਪਾਤਰ ਬੰਨਦਾ ਹੈ।

ਗੁਰਬਾਣੀ ਵਿੱਚ ਦਰਜ ਹੈ:

**ਫਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ॥**
**ਵਿਰਲੇ ਕੇਈ ਪਾਈਅਨ੍ਹਿ ਜਿਨ੍ਹਾ ਪਿਆਰੇ ਨੇਹ॥** (ਅੰਗ 966)

ਯਾਨੀ ਜਿਨਾਂ ਦਾ ਪਿਆਰ ਪਿਆਰੇ ਪਰਮਾਤਮਾ ਨਾਲ ਹੈ ਉਹਨਾਂ ਨੂੰ ਕੋਈ ਵੀ ਔਂਕੜ ਛੋਹ ਨਹੀਂ ਸਕਦੀ, ਪਰ ਅਜਿਹੇ ਕੋਈ ਵਿਰਲੇ ਹੀ ਮਿਲਦੇ ਹਨ। ਜੋ ਕਿ ਮਾਇਆ ਵੱਲ ਪਿੱਠ ਕਰਕੇ ਆਪਣੇ ਮਨ ਦਾ ਰੁੱਖ ਅਕਾਲ ਪੁਰਖ ਵੱਲ ਕਰਕੇ, ਅਥਵਾ ਬੇਮੁਖ ਹੋਇ ਮਨ ਨੂੰ ਗੁਰੂ ਦੀ ਹਜ਼ੂਰੀ ਵਿੱਚ ਸਨਮੁਖ ਕਰਦੇ ਹਨ ਤਾਂ ਹੀ ਅਕਾਲ ਪੁਰਖ ਦੀ ਮਿਹਰਾਂ ਪ੍ਰਾਪਤ ਹੁੰਦੀਆਂ ਹਨ।

◆◆◆◆◆

## ਪੰਜਾਬੀ ਨੌਜਵਾਨ ਨੇ ਵਿਦੇਸ਼ ਵਿਚ ਚਮਕਾਇਆ ਨਾਂ, ਕੈਨੇਡਾ ’ਚ ਬਣਿਆ ਟੀ ਪੀ ਅਫ਼ਸਰ



ਦਸੂਹਾ ਦੇ ਪਿੰਡ ਸੱਗਲਾਂ ਦੇ ਇਕਬਾਲਪ੍ਰੀਤ ਸਿੰਘ ਵਿਰਕ ਪੁੱਤਰ ਰਣਜੀਤ ਸਿੰਘ ਧਰਮੀ ਫ਼ੌਜੀ ਨੇ ਕੈਲਗਰੀ ਕੈਨੇਡਾ ਵਿਖੇ ਟਰਾਂਜਿਟ ਪੀਸ ਅਫ਼ਸਰ ਬਣ ਕੇ ਪਿੰਡ ਦਾ ਨਾਂ ਚਮਕਾਇਆ ਹੈ। ਇਕਬਾਲਪ੍ਰੀਤ ਸਿੰਘ ਵਿਰਕ ਨੇ ਦਸਿਆ ਕਿ ਉਸ ਨੇ ਇਲੈਕਟਰੋਨਿਕਸ ਐਂਡ ਕਮਿਊਨੀਕੇਸ਼ਨ ਇੰਜੀਨੀਅਰਿੰਗ ਦਾ 3 ਸਾਲ ਦਾ ਡਿਪਲੋਮਾ ਕੀਤਾ ਤੇ ਕੈਨੇਡਾ ਵਿਖੇ ਪੱਕੇ ਤੌਰ ’ਤੇ ਆ ਗਿਆ। ਉਸ ਨੇ ਦਸਿਆ ਕਿ ਉਸ ਨੇ ਕੈਨੇਡਾ ਵਿਖੇ ਪਬਲਿਕ ਸੇਫ਼ਟੀ ਪ੍ਰੋਫ਼ੈਸ਼ਨਲ ਡਿਪਲੋਮਾ ਹਾਸਲ ਕੀਤਾ ਤੇ ਲਗਾਤਾਰ 5 ਸਾਲ ਸਿਕਿਉਰਟੀ ਸੁਪਰਵਾਈਜ਼ਰ ਦੇ ਤੌਰ ’ਤੇ ਕੰਮ ਕੀਤਾ ਤੇ 2 ਸਾਲ ਕੈਨੇਡੀਅਨ ਰੇਲਵੇ ਵਿਚ ਨੌਕਰੀ ਕੀਤੀ। ਉਸ ਨੇ ਇਸ ਪੋਸਟ ਨੂੰ ਹਾਸਲ ਕਰਨ ਲਈ ਅਪਣੇ ਪਿਤਾ ਰਣਜੀਤ ਸਿੰਘ ਧਰਮੀ ਫ਼ੌਜੀ ਦੇ ਦਿਸ਼ਾ ਨਿਰਦੇਸ਼ ਅਨੁਸਾਰ ਸਖ਼ਤ ਮਿਹਨਤ ਕੀਤੀ। ਉਸ ਨੇ ਦਸਿਆ ਕਿ ਟੀ.ਪੀ ਅਫ਼ਸਰ ਵਜੋਂ ਉਸ ਦੀ ਨਿਯੁਕਤੀ 26 ਜੁਲਾਈ ਨੂੰ ਹੋ ਚੁਕੀ ਹੈ ਜਦਕਿ ਉਹ 12 ਅਗਸਤ ਨੂੰ ਬਤੌਰ ਟੀ.ਪੀ.ਅਫ਼ਸਰ ਵਜੋਂ ਆਪਣੀਆਂ ਸੇਵਾਵਾਂ ਸ਼ੁਰੂ ਕਰੇਗਾ।

## ਕੈਨੇਡਾ ’ਚ ਸਟੱਡੀ ਵੀਜ਼ਾ ਤੇ ਪੀਆਰ ਨਿਯਮ ਸਖ਼ਤ; ਕਾਲਜ ਕੈਂਪਸ ਹੋ ਰਹੇ ਵੀਰਾਨ

ਕੈਨੇਡਾ ਦੀ ਟਰੂਡੋ ਸਰਕਾਰ ਨੇ ਵਿਦੇਸ਼ਾਂ ਤੋਂ ਪੜ੍ਹਾਈ ਲਈ ਆਉਣ ਵਾਲੇ ਵਿਦਿਆਰਥੀਆਂ ਲਈ ਨਿਯਮਾਂ ਵਿੱਚ ਬਦਲਾਅ ਦੇ ਨਾਲ-ਨਾਲ ਕਾਲਜਾਂ ’ਤੇ ਵੀ ਸਖ਼ਤੀ ਸ਼ੁਰੂ ਕਰ ਦਿੱਤੀ ਹੈ। ਪਿਛਲੇ ਸਾਲਾਂ ਦੇ ਮੁਕਾਬਲੇ ਵਿਦਿਆਰਥੀਆਂ ਦੀ ਗਿਣਤੀ ਵਿੱਚ 35 ਫੀਸਦੀ ਦੀ ਕਮੀ ਆਈ ਹੈ। ਇਸ ਦੇ ਨਾਲ ਹੀ ਕਈ ਪ੍ਰਾਈਵੇਟ ਕਾਲਜਾਂ ਵੱਲੋਂ ਆਪਣੇ ਕੈਂਪਸ ਖੋਲ੍ਹ ਕੇ ਚਲਾਈਆਂ ਜਾ ਰਹੀਆਂ ਖੇਡਾਂ ’ਤੇ ਵੀ ਪਾਬੰਦੀ ਲਗਾ ਦਿੱਤੀ ਗਈ ਹੈ। ਇਸ ਕਾਰਵਾਈ ਕਾਰਨ ਉਥੋਂ ਦੇ ਕਾਲਜ ਕੈਂਪਸ ਵੀਰਾਨ ਹੋਣ ਲੱਗੇ ਹਨ। ਵੱਡੀ ਗਿਣਤੀ ਵਿੱਚ ਵਿਦਿਆਰਥੀ ਪੰਜਾਬ ਪਰਤਣ ਲੱਗ ਪਏ ਹਨ। ਖਾਸ ਗੱਲ ਇਹ ਹੈ ਕਿ ਪੰਜਾਬ ਦੇ ਕਈ ਮਸ਼ਹੂਰ ਲੋਕ ਕੈਨੇਡਾ ਵਿੱਚ ਕਾਲਜ ਕੈਂਪਸ ਖੋਲ੍ਹ ਕੇ ਕਾਰੋਬਾਰ ਚਲਾ ਰਹੇ ਸਨ। ਨਵੇਂ ਨਿਯਮਾਂ ਮੁਤਾਬਕ ਹੁਣ ਕੈਂਪਸ ਕਾਲਜਾਂ ਤੋਂ ਪੜ੍ਹ ਰਹੇ ਵਿਦਿਆਰਥੀ ਵਰਕ ਪਰਮਿਟ ਨਹੀਂ ਲੈ ਸਕਣਗੇ। ਕੈਨੇਡਾ ਨੇ ਵਿਦੇਸ਼ਾਂ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ ਵਿਦਿਆਰਥੀ ਵੀਜ਼ਿਆਂ ਦੀ ਗਿਣਤੀ ਘਟਾ ਕੇ 3.60 ਲੱਖ ਕਰ ਦਿੱਤੀ ਹੈ। ਇਹ ਪਿਛਲੇ ਸਾਲ ਨਾਲੋਂ 35 ਫੀਸਦੀ ਘੱਟ ਹੈ। ਵਿਦੇਸ਼ਾਂ ਤੋਂ ਕੈਨੇਡਾ ਵਿੱਚ ਪੜ੍ਹਨ ਲਈ ਆਉਣ ਵਾਲੇ ਵਿਦਿਆਰਥੀਆਂ ਵਿੱਚ ਭਾਰਤੀਆਂ ਦੀ ਸਭ ਤੋਂ ਵੱਧ ਗਿਣਤੀ ਹੈ। ਇਸ ਵੇਲੇ ਕੈਨੇਡਾ ਵਿੱਚ 2.3 ਲੱਖ ਭਾਰਤੀ ਵਿਦਿਆਰਥੀ ਪੜ੍ਹ ਰਹੇ ਹਨ, ਪਰ ਅੱਗੇ ਜਾ ਰਹੇ ਲੋਕਾਂ ਦੀ ਗਿਣਤੀ ਵਿੱਚ 80 ਫੀਸਦੀ ਤੋਂ ਵੱਧ ਕਮੀ ਆਉਣ ਵਾਲੀ ਹੈ। ਅਜਿਹੇ ਵਿੱਚ ਇਹ ਕੈਂਪਸ ਵੀਰਾਨ ਹੁੰਦੇ ਜਾ ਰਹੇ ਹਨ।

### ਨਿਯਮਾਂ ਵਿੱਚ ਤਬਦੀਲੀ

1. ਓਪਨ ਵਰਕ ਪਰਮਿਟ ਸਿਰਫ ਉਨ੍ਹਾਂ ਵਿਦੇਸ਼ੀ ਵਿਦਿਆਰਥੀਆਂ ਦੇ ਜੀਵਨ ਸਾਥੀ ਨੂੰ ਦਿੱਤਾ ਜਾਵੇਗਾ ਜੋ ਮਾਸਟਰ ਜਾਂ ਡਾਕਟਰੇਟ ਪ੍ਰੋਗਰਾਮ ਕਰ ਰਹੇ ਹਨ। ਇਸ ਨਾਲ ਫਰਜ਼ੀ ਵਿਆਹਾਂ ’ਤੇ ਰੋਕ ਲੱਗ ਗਈ ਹੈ।
2. ਵਿਦਿਆਰਥੀ ਵਰਕ ਪਰਮਿਟ ਲਈ ਇੱਕ ਨਵੇਂ ‘ਪੱਤਰ’ ਦੀ ਲੋੜ ਹੋਵੇਗੀ। ਇਹ ਕੈਨੇਡੀਅਨ ਸੂਬੇ ਦੁਆਰਾ ਜਾਰੀ ਕੀਤਾ ਜਾਂਦਾ ਹੈ ਜਿਸ ਵਿੱਚ ਬਿਨੈਕਾਰ ਨੂੰ ਰਹਿਣ ਲਈ ਮਨਜ਼ੂਰੀ ਦਿੱਤੀ ਗਈ ਹੈ।
3. ਕੈਨੇਡਾ ਵਿੱਚ, ਸੂਬਾਈ ਸਰਕਾਰ ਨੂੰ ਇਹ ਅਧਿਕਾਰ ਹੋਵੇਗਾ ਕਿ ਕਿਸ ਕਾਲਜ ਨੂੰ ਕਿੰਨੀਆਂ ਸੀਟਾਂ ਅਲਾਟ ਕੀਤੀਆਂ ਜਾਣ। ਇਹ ਸੀਟਾਂ ਇਸ ਦੇ ਬੁਨਿਆਦੀ ਢਾਂਚੇ ਅਤੇ ਅੰਦਰ ਬਣੇ ਹੋਸਟਲਾਂ ‘ਤੇ ਨਿਰਭਰ ਹੋਣਗੀਆਂ। ਪਹਿਲਾਂ ਕੈਨੇਡਾ ਦੀ ਫੈਡਰਲ ਟਰੂਡੋ ਸਰਕਾਰ ਹੀ ਫੈਸਲੇ ਲੈਂਦੀ ਸੀ।
4. ਕੈਨੇਡਾ ਵਿੱਚ, ਦਾਖਲਾ ਸਿਰਫ LOI (ਇਰਾਦੇ ਦੇ ਪੱਤਰ) ਨਾਲ ਉਪਲਬਧ ਸੀ, ਪਰ ਹੁਣ ਦਾਖਲਾ PAL ਪ੍ਰੋਵਿੰਸ਼ੀਅਲ ਅਟੈਸਟੇਸ਼ਨ ਲੈਟਰ ਦੁਆਰਾ ਉਪਲਬਧ ਹੋਵੇਗਾ। ਜੇਕਰ ਇਹ ਪੱਤਰ ਪ੍ਰਾਪਤ ਨਹੀਂ ਹੁੰਦਾ ਹੈ, ਤਾਂ ਹੋਰ ਵਰਕ ਪਰਮਿਟ ਨਹੀਂ ਦਿੱਤਾ ਜਾਵੇਗਾ।
5. ਜੀਆਈਸੀ ਪਹਿਲਾਂ 10 ਹਜ਼ਾਰ ਕੈਨੇਡੀਅਨ ਡਾਲਰ ਸੀ, ਜੋ ਹੁਣ ਵਧਾ ਕੇ 20 ਹਜ਼ਾਰ ਡਾਲਰ ਕਰ ਦਿੱਤੀ ਗਈ ਹੈ।

# HERITAGE

## ਆਸਟ੍ਰੇਲੀਆ, ਨਿਊਜ਼ੀਲੈਂਡ ਨਾਲ ਪੰਜਾਬ ਦੇ ਹਵਾਈ ਸੰਪਰਕ ਨੂੰ ਵੱਡਾ ਹੁਲਾਰਾ



ਪੰਜਾਬ ਦੇ ਸਭ ਤੋਂ ਵੱਡੇ ਅਤੇ ਵਿਅਸਤ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਦੇ ਅੰਤਰਰਾਸ਼ਟਰੀ ਹਵਾਈ ਸੰਪਰਕ ਵਿੱਚ ਅਗਸਤ ਦੇ ਮਹੀਨੇ ਤੋਂ ਮਹੱਤਵਪੂਰਨ ਵਾਧਾ ਹੋਇਆ ਹੈ। ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦੇ ਹੋਏ, ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ ਅਤੇ ਭਾਰਤ ਦੇ ਕਨਵੀਨਰ ਯੋਗੇਸ਼ ਕਾਮਰਾ ਨੇ ਦੱਸਿਆ ਕਿ ਮਲੇਸ਼ੀਆ ਏਅਰਲਾਈਨਜ਼ ਨੇ 1 ਅਗਸਤ ਤੋਂ ਕੁਆਲਾਲੰਪੁਰ ਅਤੇ ਅੰਮ੍ਰਿਤਸਰ ਦਰਮਿਆਨ ਆਪਣੀਆਂ ਹਫ਼ਤੇ 'ਚ ਚਾਰ ਉਡਾਣਾਂ ਦੀ ਗਿਣਤੀ ਨੂੰ ਰੋਜ਼ਾਨਾ ਕਰ ਦਿੱਤਾ ਹੈ। ਇਸ ਵਾਧੇ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦੇ ਉਨ੍ਹਾਂ ਦੱਸਿਆ ਕਿ ਮਲੇਸ਼ੀਆ ਏਅਰਲਾਈਨਜ਼ ਦੀਆਂ ਹੁਣ ਰੋਜ਼ਾਨਾਂ ਉਡਾਣਾਂ ਦੇ ਨਾਲ-ਨਾਲ ਏਅਰ ਏਸ਼ੀਆ ਐਕਸ ਦੀਆਂ ਹਫ਼ਤੇ 'ਚ ਚਾਰ ਅਤੇ ਬੈਟਿਕ ਏਅਰ ਦੀਆਂ ਤਿੰਨ ਉਡਾਣਾਂ ਨਾਲ ਕੁਆਲਾਲੰਪੁਰ ਅਤੇ ਅੰਮ੍ਰਿਤਸਰ ਵਿਚਕਾਰ ਉਪਲੱਬਧ ਸੀਟਾਂ 'ਚ ਮਹੱਤਵਪੂਰਨ ਵਾਧਾ ਹੋਇਆ ਹੈ। ਪੰਜਾਬ ਦੇ ਯਾਤਰੀਆਂ ਤੋਂ ਇਲਾਵਾ, ਇਹਨਾਂ 28 ਹਫ਼ਤਾਵਾਰੀ ਉਡਾਣਾਂ ਤੋਂ ਗੁਆਂਢੀ ਰਾਜ ਹਿਮਾਚਲ ਪ੍ਰਦੇਸ਼, ਜੰਮੂ ਅਤੇ ਹਰਿਆਣਾ ਦੇ ਯਾਤਰੀ ਵੀ ਲਾਭ ਲੈ ਰਹੇ ਹਨ।

## ਨਵਾਂਸ਼ਹਿਰ ਦੇ ਇਟਾਲੀਅਨ ਪੰਜਾਬੀ ਨੌਜਵਾਨ ਨੇ ਇੰਗਲੈਂਡ ਦੀ ਧਰਤੀ 'ਤੇ ਮਾਰੀਆਂ ਮੱਲਾਂ



ਦੁਨੀਆ ਦੇ ਕਿਸੇ ਕੋਨੇ ਵੀ ਜਦੋਂ ਕੋਈ ਭਾਰਤੀ ਕਾਮਯਾਬੀ ਦੀ ਧਮਾਲ ਪਾਉਂਦਾ ਹੈ ਤਾਂ ਲੋਕ ਸਹਿਜੇ ਇਹ ਅੰਦਾਜ਼ਾ ਲਗਾ ਲੈਂਦੇ ਹਨ ਕਿ ਇਹ ਪੰਜਾਬੀ ਹੀ ਹੋਵੇਗਾ ਭਾਵ ਭਾਰਤੀ ਪੰਜਾਬੀਆਂ ਨੇ ਕਾਮਯਾਬੀ ਦਾ ਤਖੱਲਸ ਬਣਾ ਦਿੱਤਾ ਹੈ ਪੰਜਾਬੀ ਹੋਣਾ। ਅਜਿਹੇ ਹੀ ਇਟਾਲੀਅਨ ਪੰਜਾਬੀ ਨੌਜਵਾਨ ਕੋਮਲ ਮਾਹਲ ਦੀ ਗੱਲ ਕਰਨ ਜਾ ਰਹੇ ਹਾਂ, ਜਿਸ ਨੇ ਇਟਲੀ ਤੋਂ ਵਿਲੈਤ (ਇੰਗਲੈਂਡ) ਦੀ ਯੂਨੀਵਰਸਿਟੀ ਜਾਕੇ ਸਖ਼ਤ ਲਗਨ ਤੇ ਫੌਲਾਦੀ ਇਰਾਦੇ ਨਾਲ ਯੂਨੀਵਰਸਿਟੀ ਲਫਬਰਾ ਤੋਂ ਬੈਚਲਰ ਆਫ ਸਾਇੰਸ ਦੀ ਡਿਗਰੀ ਪਹਿਲੇ ਸਥਾਨ 'ਤੇ ਪਾਸ ਕਰਕੇ ਆਪਣੇ ਮਾਤਾ-ਪਿਤਾ ਦਾ ਹੀ ਨਹੀਂ ਬਲਕਿ ਪੰਜਾਬੀ ਭਾਈਚਾਰੇ ਦਾ ਸਿਰ ਵੀ ਫ਼ਖ਼ਰ ਨਾਲ ਉੱਚਾ ਕਰ ਦਿੱਤਾ।

## Canada Extra GST Payment 2024




The amount of the extra GST payment depends on the beneficiaries' annual income, their family situation, and the number of children under 18. The payment is directly deposited into the bank accounts of eligible individuals. Considering Inflation and Cost of Living The CRA considers inflation and the rising cost of living when offering this financial assistance. The GST (Goods and Services Tax) is applied to the Consumer Price Index (CPI) and varies across areas like property and income tax. The extra payment is given as a grocery rebate supplement. GST is a mandatory tax on products, and these payments help Canadians cope with economic uncertainties.

### ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. ਗੁਰੂ ਗ੍ਰੰਥ ਸਹਿਬ ਜੀ ਦੇ ਪਹਿਲੇ 13 ਅੰਗਾ 'ਤੇ ਸੁਸ਼ੋਭਿਤ ਨਿਤਨੇਮ ਦੀ ਕਿਹੜੀ ਬਾਣੀ ਵਿੱਚ 'ਖੇਹ' ਸ਼ਬਦ ਆਇਆ ਹੈ ਜਿਸਦਾ ਅਰਥ 'ਮਿਟੀ' ਹੈ?**

a. ਜਪੁਜੀ
b. ਸੋਦਰੁ
c. ਸੋ ਪੁਰਖੁ
d. ਸੋਹਿਲਾ

**2. ਗੁਰੂ ਗ੍ਰੰਥ ਸਹਿਬ ਜੀ ਦੇ ਪਹਿਲੇ 13 ਅੰਗਾ 'ਤੇ ਸੁਸ਼ੋਭਿਤ ਨਿਤਨੇਮ ਦੀ ਕਿਹੜੀ ਬਾਣੀ ਵਿੱਚ 'ਕਵਾਓ' ਸ਼ਬਦ ਆਇਆ ਹੈ ਜਿਸਦਾ ਅਰਥ 'ਇਕ ਸ਼ਬਦ' ਹੈ?**

a. ਸੋਹਿਲਾ
b. ਸੋ ਪੁਰਖ
c. ਸੋਦਰੁ
d. ਜਪੁਜੀ

**3. Which of the following medals has Lt. Gen. Gurbirpal Singh not received for his distinguished services in the army to date?**

a. Saravottam Yudh Seva Medal
b. Param Vishisht Seva Medal
c. Ati Vishisht Seva Medal
d. Vishisht Seva Medal

**4. During the Defence Investiture Ceremony (Phase-2) at Rashtrapati Bhawan, New Delhi on July 19, 2024, which medal was awarded to Air Vice Marshal Jagjeet Singh Bhalla from Administrator/ Air Traffic Controller by Honourable President of India, Smt. Draupadi Murmu, for his distinguished services?**

a. Yudh Seva Medal
b. Ati Vishisht Seva Medal
c. Param Vishisht Seva Medal
d. Uttam Yudh Seva Medal

(ਦੇਖੋ ਉੱਤਰ ਪੰਨਾ 4 'ਤੇ)



# Embracing Life's Fleeting Moments: A Reflection on The Crane and the Hawks

- Japleen Kaur*

(Continued from last week)

## The Power of Chardikala

In the Sikh tradition, the concept of Chardikala, or everlasting optimism, is intertwined with this mindful awareness. Despite the certainty of death, we are encouraged to maintain a positive spirit, to live with resilience and hope. This outlook enables us to face life's challenges with grace and courage, understanding that each moment is a gift.

Chardikala is more than just optimism; it is a resilient, spiritual strength that allows us to remain positive and hopeful even in the face of adversity. This concept teaches us to rise above difficulties and maintain a high spirit, recognizing that our challenges are temporary, and our inner light can shine through even the darkest times. Chardikala is about embracing life with unwavering faith, courage, and a joyous heart, regardless of the circumstances.

## Community and Support

By embodying Chardi Kala, we learn to accept the transient nature of life and the inevitability of death with grace. This outlook helps us to appreciate the preciousness of each moment, live with gratitude, and contribute positively to the lives of others. It reminds us to focus on the eternal truths, to seek the divine presence in our daily lives, and to nurture our spiritual growth.

The crane's tale also highlights the value of community and support. Just as the hawks ambushed the crane, life can bring unforeseen difficulties. A supportive community offers strength and comfort during tough times. It reminds us to be compassionate and extend help to others, knowing we all share the same ultimate fate.

## Living with Awareness and Grace

In essence, the crane and the hawks story underscores the transience of life and the inevitability of death. It invites us to live intentionally, fully embrace each moment, and connect with the deeper aspects of our existence. By doing so, we navigate life's complexities with a mindful and compassionate heart, guided by the Guru's wisdom.

May we all find the strength to live with awareness, purpose, and grace, embracing life's fleeting nature and preparing for the final embrace. May the Wisdom-Guru lead us on this path, helping us recognize the value of each moment and the eternal truth beyond.

## About the Author: Japleen Kaur

Japleen Kaur is a psychology graduate from Delhi University with a passion for creativity and advocacy. As an amateur photographer, she captures the world with a unique perspective. She has also pursued a major in French from Alliance Française de Delhi.

Now living in Canada, Japleen works as a creative writer for Red FM. Her articulate writing, liberal thinking, and dedication to quality make her a standout voice in contemporary media and literature.

* Creative Writer, Red FM (Canada)


## SIKH MATRIMONIALS

Gursikh girl 30/5'3"/Bcom, BEd /on work visa in Canada/ two brothers/ one is PR in Canada/ Contact +91 9971576271

Sikh girl 31/5'/ B.Tech /Canada PR/ Tech Advisor/ Parents Retd Govt official in Mohali SAS Nagar Contact +91 98157 75166

Gursikh Boy 28/5'11"/ M.Eng Univ. Of Windsor, Canada/ Quality Engineer Package 50000$CAD./PR holder/ Contact+91 8171651165

Gursikh Amritdhari girl 30/5'3" /Masters USA/ Software Developer/San Francisco/Package USD 125000/ Contact +91 7428742265


ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. A 2. D 3. A 4. B

Chief Editor: Dr. Harjinder Singh Editor: Dr. Davinder Singh Designer: Pavit Singh

Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)



email: canadasikhtimes@gmail.com, M: +1 437 673 7555